ਨੰ: 8/5/2015-3ਪੀ.ਪੀ.1/ 42

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ-1 ਸਾਖਾ)

ਮਿਤੀ, ਚੰਡੀਗੜ੍ਹ: 14-3-2017

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਵੀਜਨਾਂ ਦੇ ਕਮਿਸਨਰ,
ਸਮੂਹ ਜਿਲ੍ਹਾ ਅਤੇ ਸੈਸਨ ਜੱਜ
ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ
ਸਮੂਹ ਸਬ-ਡਵੀਜਨਲ ਮੈਜਿਸਟ੍ਰੇਟ (ਸਿਵਲ)।

ਵਿਸ਼ਾ:- ਜਨਰਲ ਕੈਟਾਗਰੀ ਦੇ ਸੀਨੀਅਰ ਕਰਮਚਾਰੀ ਦੀ ਰਿਜਰਵ ਕੈਟਾਗਰੀ ਦੇ ਜੂਨੀਅਰ ਕਰਮਚਾਰੀ ਦੇ ਬਰਾਬਰ ਤਨਖਾਹ ਸਟੇਪ-ਅੱਪ ਕਰਕੇ ਅਨਾਮਲੀ ਦੂਰ ਕਰਨ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸੇ ਤੇ ਮੈਨੂੰ ਆਪ ਜੀ ਦਾ ਧਿਆਨ ਰਾਜ ਸਰਕਾਰ ਦੇ ਹਦਾਇਤੀ ਪੱਤਰ ਨੰ: 4/40/13-3ਪੀ.ਪੀ1/855, ਮਿਤੀ 10 ਅਕਤੂਬਰ, 2014 (ਜੋ ਕਿ ਅਜੀਤ ਸਿੰਘ ਜੰਜੂਆ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਦਿੱਤੇ ਫੈਸਲੇ ਨੂੰ ਲਾਗੂ ਕਰਨ ਹਿਤ ਜਾਰੀ ਹਦਾਇਤੀ ਪੱਤਰ ਨੰ: 3/34/99-3ਪੀ.ਪੀ.1/12565, ਮਿਤੀ 22 ਅਕਤੂਬਰ, 1999 ਦੀ ਲਗਾਤਾਰਤਾ ਵਿੱਚ ਜਾਰੀ ਕੀਤਾ ਗਿਆ ਸੀ), ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਸਪੱਸ਼ਟੀਕਰਨ ਜਾਰੀ ਕੀਤਾ ਗਿਆ ਸੀ ਕਿ ਰਾਖਵੇਂਕਰਨ ਦੀ ਨੀਤੀ ਤਹਿਤ ਬਰਕਰਾਰ ਰੱਖੇ ਜਾਂਦੇ ਰੋਸਟਰ ਰਜਿਸਟਰ ਦਾ ਮਕਸਦ ਕੇਵਲ ਰਾਖਵੀਆਂ ਸ੍ਰੇਣੀਆਂ ਨੂੰ ਯੋਗ ਕੋਟਾ ਦੇਣਾ ਹੈ। ਇਨ੍ਹਾਂ ਰੋਸਟਰ ਨੁਕਤਿਆਂ ਦੇ ਆਧਾਰ ਤੇ ਰਿਜਰਵ ਕੈਟਾਗਰੀ ਦੇ ਕਰਮਚਾਰੀਆਂ ਨੂੰ ਦਿੱਤੀਆਂ ਪਦ-ਉਨਤੀਆਂ ਦੇ ਕਾਰਨ ਜਨਰਲ ਕੈਟਾਗਰੀ ਦੇ ਕਰਮਚਾਰੀਆਂ ਦੀ ਸੀਨੀਆਰਤਾ ਤੇ ਕੋਈ ਅਸਰ ਨਹੀਂ ਪੈਂਦਾ ਹੈ।

2. ਕੁੱਝ ਵਿਭਾਗਾਂ ਵੱਲੋਂ ਪ੍ਰਸੋਨਲ ਵਿਭਾਗ ਨੂੰ ਮਾਮਲਾ ਰੈਫਰ ਕਰਕੇ ਇਹ ਸਪੱਸਟੀਕਰਨ ਮੰਗਿਆ ਜਾ ਰਿਹਾ ਹੈ ਕਿ ਉਪਰੋਕਤ ਪੱਤਰ ਮਿਤੀ 10 ਅਕਤੂਬਰ, 2014 ਦੇ ਸਨਮੁੱਖ ਸੀਨੀਆਰਤਾ ਸੂਚੀਆਂ ਰੀ-ਕਾਸਟ ਕਰਨ ਉਪਰੰਤ ਜਿਹੜੇ ਜਨਰਲ ਕੈਟਾਗਰੀ ਦੇ ਕਰਮਚਾਰੀ ਸੀਨੀਆਰਤਾ ਵਿੱਚ ਰਿਜਰਵ ਕੈਟਾਗਰੀ ਦੇ ਕਰਮਚਾਰੀਆਂ ਨਾਲੋਂ ਸੀਨੀਅਰ ਹੋ ਗਏ ਹਨ, ਕੀ ਉਨ੍ਹਾਂ ਜਨਰਲ ਕੈਟਾਗਰੀ ਦੇ ਕਰਮਚਾਰੀਆਂ ਦੀ ਤਨਖਾਹ ਰਿਜਰਵ ਕੈਟਾਗਰੀ ਦੇ ਜੂਨੀਅਰ ਕਰਮਚਾਰੀ ਦੇ ਬਰਾਬਰ ਸਟੇਪ-ਅੱਪ ਕੀਤੀ ਜਾ ਸਕਦੀ ਹੈ?

3. ਮਾਮਲੇ ਨੂੰ ਗਹੁ ਨਾਲ ਵਿਚਾਰਨ ਉਪਰੰਤ ਸਰਕਾਰ ਵੱਲੋਂ ਪ੍ਰਸੋਨਲ ਵਿਭਾਗ ਦੇ ਉਪਰੋਕਤ ਪੱਤਰ ਮਿਤੀ 10 ਅਕਤੂਬਰ, 2014 (ਜਿਸ ਰਾਹੀਂ ਰੋਸਟਰ ਪੁਆਇੰਟ ਨੂੰ ਸੀਨੀਆਰਤਾ ਪੁਆਇੰਟ ਨਾ ਮੰਨਣ ਬਾਰੇ ਸਪੱਸਟੀਕਰਨ ਦਿੱਤਾ ਸੀ) ਦੇ ਸਨਮੁੱਖ ਵਿਭਾਗਾਂ ਵੱਲੋਂ ਤਿਆਰ ਕੀਤੀਆਂ ਸੀਨੀਆਰਤਾ ਸੂਚੀਆਂ ਅਨੁਸਾਰ ਜਨਰਲ ਕੈਟਾਗਰੀ ਦੇ ਸੀਨੀਅਰ ਕਰਮਚਾਰੀਆਂ ਨੂੰ, ਉਨ੍ਹਾਂ ਦੇ ਰਿਜਰਵ ਕੈਟਾਗਰੀ ਦੇ ਜੂਨੀਅਰ ਕਰਮਚਾਰੀ ਜੋ ਕਿ ਜਨਰਲ ਕੈਟਾਗਰੀ ਦੇ ਕਰਮਚਾਰੀਆਂ ਤੋਂ ਪਹਿਲਾਂ ਪੱਦ-ਉੱਨਤ ਹੋਏ ਸਨ, ਦੇ ਬਰਾਬਰ ਤਨਖਾਹ ਸਟੇਪ-ਅੱਪ ਕਰਨ ਦਾ ਲਾਭ ਹੇਠ ਲਿਖੀਆਂ ਸ਼ਰਤਾਂ ਤਹਿਤ ਦੇਣ ਦਾ ਫੈਸਲਾ ਲਿਆ ਗਿਆ ਹੈ:-

(ੳ) ਜਨਰਲ ਕੈਟਾਗਰੀ ਦੇ ਕਰਮਚਾਰੀਆਂ ਨੂੰ ਤਨਖਾਹ ਅਤੇ ਭੱਤੇ ਉਨ੍ਹਾਂ ਦੇ ਰਿਜਰਵ ਕੈਟਾਗਰੀ ਨਾਲ ਸਬੰਧਤ ਜੂਨੀਅਰ ਕਰਮਚਾਰੀਆਂ ਦੀ ਪਦ-ਉਨਤੀ ਦੀ ਮਿਤੀ ਤੋਂ ਨੋਸ਼ਨਲ ਆਧਾਰ ਤੇ

ਮਿਲਣਯੋਗ ਹੋਣਗੇ, ਜਦਕਿ ਉਨ੍ਹਾਂ ਨੂੰ ਤਨਖਾਹ ਦੇ ਸਟੇਪ-ਅੱਪ ਦਾ ਅਸਲ ਲਾਭ ਸਬੰਧਤ ਕਾਡਰ ਵਿੱਚ ਉਨ੍ਹਾਂ ਦੀ ਪਦ-ਉਨਤੀ ਦੀ ਅਸਲ ਮਿਤੀ ਤੋਂ ਮਿਲਣ ਯੋਗ ਹੋਵੇਗਾ।

(ਅ) ਸਟੇਪ-ਅੱਪ ਨਾਲ ਜੇਕਰ ਜਨਰਲ ਕਰਮਚਾਰੀ ਨੂੰ 3% ਵਾਲੇ ਇੱਕ ਸਲਾਨਾ ਤਰੱਕੀ ਤੋਂ ਘੱਟ ਦਾ ਲਾਭ ਹੁੰਦਾ ਹੈ, ਤਾਂ ਉਸਦੀ ਸਲਾਨਾ ਤਰੱਕੀ ਪਹਿਲਾਂ ਵਾਲੀ ਹੀ ਰਹੇਗੀ ਅਤੇ ਜੇਕਰ ਉਸ ਨੂੰ ਸਟੇਪ ਅੱਪ ਕਰਨ ਨਾਲ ਇੱਕ ਸਲਾਨਾ ਤਰੱਕੀ ਤੋਂ ਜਿਆਦਾ ਦਾ ਲਾਭ ਹੁੰਦਾ ਹੈ, ਤਾਂ ਅਜਿਹੇ ਕੇਸਾਂ ਵਿੱਚ ਉਸਦੀ ਸਲਾਨਾ ਤਰੱਕੀ ਜੂਨੀਅਰ ਕਰਮਚਾਰੀ ਵਾਲੀ ਹੀ ਹੋਵੇਗੀ।

(ੲ) ਕਿਸੇ ਵੀ ਕਰਮਚਾਰੀ ਨੂੰ ਦੁਬਾਰਾ ਵੀ ਉਸੇ ਸਬੰਧਤ ਜੂਨੀਅਰ ਕਰਮਚਾਰੀ ਨਾਲ ਸਟੇਪ-ਅੱਪ ਦਾ ਲਾਭ ਮਿਲਣਯੋਗ ਹੋਵੇਗਾ, ਜਿਸ ਨਾਲ ਉਸ ਵੱਲੋਂ ਪਹਿਲਾਂ ਸਟੇਪ-ਅੱਪ ਲਿਆ ਹੋਵੇ। ਜੇਕਰ ਕਰਮਚਾਰੀ ਵੱਲੋਂ ਦੁਬਾਰਾ ਕਿਸੇ ਹੋਰ ਕਰਮਚਾਰੀ ਨਾਲ ਤਨਖਾਹ ਸਟੇਪ-ਅੱਪ ਮੰਗੀ ਜਾਂਦੀ ਹੈ, ਤਾਂ ਉਹ ਪ੍ਰਸੋਨਲ ਵਿਭਾਗ ਦੀ ਪ੍ਰਵਾਨਗੀ ਦੇ ਬਿਨ੍ਹਾਂ ਮਿਲਣਯੋਗ ਨਹੀਂ ਹੋਵੇਗੀ।

(ਸ) ਗਰੁੱਪ ਏ ਅਤੇ ਬੀ ਕੈਟਾਗਰੀ ਦੇ ਅਧਿਕਾਰੀਆਂ ਦੇ ਕੇਸਾਂ ਦਾ ਨਿਪਟਾਰਾ ਪ੍ਰਬੰਧਕੀ ਵਿਭਾਗ ਦੇ ਪੱਧਰ ਤੇ ਕੀਤਾ ਜਾਵੇਗਾ ਅਤੇ ਗਰੁੱਪ ਸੀ ਅਤੇ ਡੀ ਕਰਮਚਾਰੀਆਂ ਦੇ ਕੇਸਾਂ ਦਾ ਨਿਪਟਾਰਾ ਵਿਭਾਗੀ ਮੁੱਖੀ (Head of the Department) ਦੇ ਪੱਧਰ ਤੇ ਕੀਤਾ ਜਾਵੇਗਾ।

(ਹ) ਸਟੇਪ-ਅੱਪ ਦੇਣ ਲਈ ਕੇਸ ਆਪਣੇ ਵਿਭਾਗਾਂ ਵਿੱਚ ਤੈਨਾਤ ਪੀ.ਐਸ.ਏ.ਐਸ.ਕਾਡਰ ਦੇ ਅਧਿਕਾਰੀ ਜਿਵੇਂ ਕਿ ਸੈਕਸ਼ਨ ਅਫਸਰ/ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ)/ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਤੋਂ ਵੈੱਟ ਕਰਵਾਉਣ ਉਪਰੰਤ ਹੀ ਪ੍ਰਵਾਨ ਕੀਤੇ ਜਾਣਗੇ। ਜਿਹੜੇ ਵਿਭਾਗਾਂ/ਦਫਤਰਾਂ ਵਿੱਚ ਇਸ ਕਾਡਰ ਦੇ ਅਧਿਕਾਰੀ ਨਹੀਂ ਹਨ, ਉਹ ਵਿੱਤ ਵਿਭਾਗ ਦੀ ਅੰਦਰੂਨੀ ਪੜਤਾਲ ਸੰਸਥਾ (ਹੈਡ ਆਫਿਸ) ਜਾਂ ਜਿਲ੍ਹਾ ਪੱਧਰ ਦੇ ਅੰਦਰੂਨੀ ਪੜਤਾਲ ਸੰਸਥਾ ਦੇ ਦਫਤਰਾਂ ਤੋਂ ਵੈੱਟ ਕਰਵਾਉਣ ਉਪਰੰਤ ਹੀ ਸਮਰੱਥ ਅਧਿਕਾਰੀ ਵੱਲੋਂ ਪ੍ਰਵਾਨ ਕੀਤੇ ਜਾਣਗੇ।

4. ਇਹ ਪੱਤਰ ਵਿੱਤ ਵਿਭਾਗ ਵੱਲੋਂ ਆਪਣੇ ਅ:ਵਿ:ਪੱ:ਨੰ: 6/17/2016-1ਵਿਪ੍ਰ2/841525/1, ਮਿਤੀ 16.9.2016 ਰਾਹੀਂ ਦਿੱਤੀ ਸਹਿਮਤੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

5. ਇਹ ਪੱਤਰ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਧਿਆਨ ਵਿੱਚ ਇੰਨ-ਬਿੰਨ ਪਾਲਣਾ ਹਿਤ ਲਿਆ ਦਿੱਤਾ ਜਾਵੇ।

ਵਿਸ਼ਵਾਸਪਾਤਰ,

ਉਪ ਸਕੱਤਰ ਪਰਸੋਨਲ

ਇਸ ਦਾ ਇੱਕ ਉਤਾਰਾ ਪੰਜਾਬ ਸਰਕਾਰ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪਰਸੋਨਲ

ਸੇਵਾ ਵਿਖੇ

ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅ:ਵਿ:ਪੱ:ਨੰ: 8/5/2015-3ਪੀ.ਪੀ.1/43 ਮਿਤੀ, ਚੰਡੀਗੜ੍ਹ: 1-3-2017